**ਵਿਸ਼ਾ - ਪੰਜਾਬੀ** **ਵਾਰਤਾਲਾਪ ਦੀ ਪ੍ਰਸੰਗ ਵਿਆਖਿਆ** **ਜਮਾਤ - ਦਸਵੀਂ**

# ਇੱਕ ਹੋਰ ਨਵਾਂ ਸਾਲ - ਨਾਵਲ

## 2. ਦੁਪਹਿਰ ਭਾਗ

**1. "ਤੈਨੂੰ ਲੋੜ ਪਊ ਸ਼ਾਮ ਨੂੰ, ਕਿਸੇ ਵੇਲ਼ੇ ਭਾਨ ਖੁਣੋਂ ਸਵਾਰੀ ਨਹੀਂ ਮਿਲਦੀ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਤਾਰੋ ਨੇ ਬੰਤੇ ਨੂੰ ਉਸ ਸਮੇਂ ਕਹੇ, ਜਦੋਂ ਉਹ ਦੁਪਹਿਰੇ ਘਰ ਅਰਾਮ ਕਰਨ ਲਈ ਆਉਂਦਾ ਹੈ ਅਤੇ ਆਪਣੇ ਬੋਝੇ ਵਿਚੋਂ ਪੈਸੇ ਕੱਢ ਕੇ ਤਾਰੋ ਨੂੰ ਦਿੰਦਾ ਹੈ।

**ਵਿਆਖਿਆ** - ਤਾਰੋ ਬੰਤੇ ਨੂੰ ਕਹਿੰਦੀ ਹੈ ਕਿ ਉਸ ਨੂੰ ਭਾਨ ਵਾਲ਼ੇ ਪੈਸੇ ਆਪਣੇ ਕੋਲ਼ ਰੱਖਣੇ ਚਾਹੀਦੇ ਹਨ, ਕਿਉਂਕਿ ਸ਼ਾਮ ਦੇ ਸਮੇਂ ਉਸ ਨੂੰ ਭਾਨ ਦੀ ਲੋੜ ਪੈ ਸਕਦੀ ਹੈ। ਕਈ ਵਾਰੀ ਕੋਲ ਭਾਨ ਨਾ ਹੋਣ ਕਰਕੇ ਹੀ ਸਵਾਰੀ ਨਹੀਂ ਮਿਲਦੀ।

**2. "ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ, ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿੱਚ ਐ। ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਦਾ ਹਿੱਸਾ ਹੈ। ਇਹ ਸ਼ਬਦ ਬੰਤੇ ਨੇ ਆਪਣੇ ਪੁੱਤਰ ਫੁੰਮਣ ਨੂੰ ਉਸ ਸਮੇਂ ਕਹੇ, ਜਦੋਂ ਪੜ੍ਹਾਉਂਦੇ ਸਮੇਂ ਫੁੰਮਣ 'ਲੋਕ-ਰਾਜ' ਦਾ ਅਰਥ ਪੁੱਛਦਾ ਹੈ।

**ਵਿਆਖਿਆ** - ਬੰਤਾ ਦੱਸਦਾ ਹੈ ਕਿ ਲੋਕ-ਰਾਜ ਦਾ ਮਤਲਬ ਹੈ, ਉਹ ਰਾਜ ਜੋ ਲੋਕਾਂ ਦੇ ਹੱਥ ਵਿੱਚ ਹੋਵੇ, ਭਾਵ ਲੋਕ ਵੋਟਾਂ ਨਾਲ਼ ਸਰਕਾਰ ਚੁਣਦੇ ਹਨ। ਸਾਡੇ ਦੇਸ ਭਾਰਤ ਵਿੱਚ ਅਜਿਹਾ ਹੀ ਰਾਜ ਹੈ ਕਿਉਂਕਿ ਇੱਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਹੈ, ਰਾਜਿਆਂ-ਮਹਾਰਾਜਿਆਂ ਦੀ ਨਹੀਂ।

**3. "ਸਾਰੀ ਪੈਂਤੀ ਲਿਖ ਲੈਂਦੀ ਏ, ਤੇ ਨਾਲ਼ੇ ਦੂਣੀ-ਤੀਣੀ ਦਾ ਭਾੜ੍ਹਾ ਵੀ ਯਾਦ ਕਰ ਲਿਆ ਸੂ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਦਰਜ ਹੈ। ਇਹ ਸ਼ਬਦ ਬੰਤੇ ਦੀ ਮਾਮੀ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਉਹ ਆਪਣੀ ਭਤੀਜੀ ਤਾਰੀ ਦੀ ਪੜ੍ਹਾਈ ਬਾਰੇ ਦੱਸਦੀ ਹੈ, ਜੋ ਮਗਰੋਂ ਬੰਤੇ ਦੀ ਪਤਨੀ ਬਣਦੀ ਹੈ।

**ਵਿਆਖਿਆ** - ਬੰਤੇ ਦੀ ਮਾਮੀ ਉਸ ਨੂੰ ਦੱਸਦੀ ਹੈ ਕਿ ਉਸ ਦੀ ਭਤੀਜੀ ਤਾਰੀ ਵੀ ਪੜ੍ਹਦੀ ਹੈ ਅਤੇ ਉਸ ਨੇ ਹੁਣ ਤੱਕ ਗੁਰਮੁਖੀ ਦੀ ਸਾਰੀ ਪੈਂਤੀ ਲਿਖਣੀ ਸਿੱਖ ਲਈ ਹੈ ਅਤੇ ਉਸਨੇ ਦੂਣੀ ਤੇ ਤੀਣੀ ਦਾ ਪਹਾੜਾ ਵੀ ਯਾਦ ਕਰ ਲਿਆ ਹੈ।

**4. "ਹੌਲ਼ੀ ਚਲਾ ਵੇ ਰਿਕਸ਼ਾ, ਬੰਤਿਆ......... ਤੈਨੂੰ ਦੀਂਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ।"**

**ਪ੍ਰਸੰਗ** - ਇਹ ਵਾਰਤਾਲਾਪ ਨਰਿੰਜਨ ਤਸਨੀਮ ਦੇ ਲਿਖੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿਚੋਂ ਲਿਆ ਗਿਆ ਹੈ। ਇਹ ਸ਼ਬਦ ਬੰਤੇ ਦੀ ਮਾਂ ਬੰਤੇ ਨੂੰ ਉਸ ਸਮੇਂ ਕਹਿੰਦੀ ਹੈ, ਜਦੋਂ ਉਹ ਆਪਣੀ ਮਾਂ ਅਤੇ ਪਤਨੀ ਨੂੰ ਗੁਰਦੁਆਰਾ 'ਛੇਹਰਟਾ ਸਾਹਿਬ' ਲੈ ਕੇ ਜਾ ਰਿਹਾ ਸੀ।

**ਵਿਆਖਿਆ** - ਬੰਤੇ ਦੀ ਮਾਂ ਕਹਿੰਦੀ ਹੈ ਕਿ ਉਸ ਨੇ ਬੰਤੇ ਨੂੰ ਬਹੁਤ ਵਾਰ ਰਿਕਸ਼ਾ ਹੌਲ਼ੀ ਚਲਾਉਣ ਲਈ ਕਿਹਾ ਹੈ, ਕਿਉਂਕਿ ਉਸਦੇ ਰਿਕਸ਼ਾ ਤੇਜ਼ ਚਲਾਉਣ ਕਰਕੇ ਰਿਕਸ਼ੇ ਵਿੱਚ ਬੈਠੀ ਤਾਰੋ ਕਾਫ਼ੀ ਘਬਰਾਈ ਹੋਈ ਹੈ।

**5. "ਨਾ ਕੋਈ ਚੰਗਾ ਲੀੜਾ ਐ ਮੇਰੇ ਕੋਲ, ਨਾ ਬੱਚਿਆਂ ਕੋਲ਼....ਫੇਰ ਕਰਾਇਆ ਲੱਗੂ ਆਣ-ਜਾਣ ਦਾ, ਉੱਥੇ ਵੀ ਲੋੜ ਪਊ, ਕੁੱਝ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਤਾਰੋ ਨੇ ਬੰਤੇ ਨੂੰ ਉਸ ਸਮੇਂ ਕਹੇ, ਜਦੋਂ ਉਸ ਦੇ ਭਰਾ ਦੇ ਘਰ ਜੱਸੀ ਦਾ ਵਿਆਹ ਰੱਖੇ ਜਾਣ ਦਾ ਉਸ ਨੂੰ ਕਾਰਡ ਮਿਲ਼ਿਆ ਸੀ। ਇਸ ਬਾਰੇ ਦੱਸਦਿਆਂ ਉਸ ਨੇ ਬੰਤੇ ਨੂੰ ਘਰ

ਦੀ ਤੰਗੀ ਕਾਰਨ ਆਪਣਾ ਇਹ ਨਿਰਣਾ ਦੱਸਿਆ ਸੀ ਕਿ ਉਸ ਨੇ ਵਿਆਹ ਨਹੀਂ ਜਾਣਾ।

**ਵਿਆਖਿਆ** - ਤਾਰੋ ਨੇ ਕਿਹਾ ਕਿ ਉਸ ਕੋਲ਼ ਤੇ ਬੱਚਿਆਂ ਕੋਲ਼ ਵਿਆਹ ਉੱਤੇ ਜਾਣ ਲਈ ਕੋਈ ਚੰਗਾ ਲੀੜਾ ਨਹੀਂ ਹੈ। ਇਸ ਲਈ ਵੀ ਪੈਸੇ ਚਾਹੀਦੇ ਹਨ ਅਤੇ ਆਉਣ-ਜਾਣ ਦਾ ਕਿਰਾਇਆ ਵੀ ਲੱਗੇਗਾ ਤੇ ਉੱਥੇ ਵੀ ਕੁੱਝ ਦੇਣਾ ਪਵੇਗਾ। ਪਰ ਉਨ੍ਹਾਂ ਕੋਲ਼ ਪੈਸੇ ਦੀ ਤੰਗੀ ਹੋਣ ਕਰਕੇ ਉਹ ਵਿਆਹ ਉੱਤੇ ਨਹੀਂ ਜਾਣਾ ਚਾਹੁੰਦੀ।

6. "**ਕਦੋਂ ਲਿਆਏਂਗਾ ਭਰਜਾਈ ਨੂੰ, ਖ਼ਾਸਾ ਚਿਰ ਹੋ ਗਿਆ ਹੁਣ ਤਾਂ?**"

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਬੰਤੇ ਨੇ ਦਿਆਲੇ ਨੂੰ ਉਦੋਂ ਕਹੇ, ਜਦੋਂ ਪਾਰੋ ਨਾਲ ਝਗੜੇ ਮਗਰੋਂ ਉਹ ਆਪਣੇ ਘਰੋਂ ਨਿਕਲ਼ ਕੇ ਉਸ ਦੇ ਘਰ ਜਾਂਦਾ ਹੈ।

**ਵਿਆਖਿਆ -** ਬੰਤੇ ਨੂੰ ਪਤਾ ਸੀ ਕਿ ਘਰ ਦੀ ਤੰਗੀ ਤੇ ਦਿਆਲੇ ਦੀ ਮਾਰ-ਕੁੱਟ ਕਰਕੇ ਉਸ ਦੀ ਪਤਨੀ ਪੇਕੇ ਗਈ ਹੋਈ ਹੈ। ਉਹ ਉਸ ਨੂੰ ਪੁੱਛਦਾ ਹੈ ਕਿ ਹੁਣ ਤਾਂ ਉਸ ਦੀ ਪਤਨੀ ਨੂੰ ਪੇਕੇ ਗਿਆਂ ਬਹੁਤ ਚਿਰ ਹੋ ਗਿਆ ਹੈ, ਉਹ ਉਸ ਨੂੰ ਕਦੋਂ ਘਰ ਲੈ ਕੇ ਆਵੇਗਾ।

7. **"ਉਂਜ ਦਿਆਲਿਆ**, **ਜੇ ਸਾਡੀਆਂ ਯੂਨੀਅਨਾਂ ਇੱਕ ਹੋ ਜਾਣ ਤਾਂ ਰੋਗ ਨਾ ਲੱਥ ਜਾਏ ਗਲੋਂ**?"

**ਪ੍ਰਸੰਗ -** ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਬੰਤੇ ਨੇ ਦਿਆਲੇ ਨੂੰ ਉਦੋਂ ਕਹੇ, ਜਦੋਂ ਉਹ ਆਪਣੇ ਘਰਾਂ ਦੀ ਤੰਗੀ ਦੂਰ ਕਰਨ ਲਈ ਆਪਣੇ ਰਿਕਸ਼ਿਆਂ ਦੇ ਕਿਰਾਏ ਵਧਾਉਣ ਦੀ ਗੱਲ ਕਰਦੇ ਹਨ।

**ਵਿਆਖਿਆ -** ਬੰਤਾ ਆਪਣੇ ਮਿੱਤਰ ਦਿਆਲੇ ਨੂੰ ਕਹਿੰਦਾ ਹੈ ਕਿ ਜੇਕਰ ਆਪਣੀਆਂ ਯੂਨੀਅਨਾਂ ਇੱਕ ਹੋ ਜਾਣ, ਤਾਂ ਸਭ ਰਿਕਸ਼ਿਆਂ ਦੇ ਕਿਰਾਏ ਇੱਕ ਹੋ ਜਾਣਗੇ ਤੇ ਸਭ ਵੱਲੋਂ ਆਪੋ-ਆਪਣੀ ਮਰਜ਼ੀ ਨਾਲ਼ ਕਿਰਾਏ ਲੈਣ ਦੀ ਬਿਮਾਰੀ ਖ਼ਤਮ ਹੋ ਜਾਵੇਗੀ।

8. "**ਕਿਸੇ ਚੱਜ ਦੀ ਥਾਂ ਬੈਠ ਕੇ ਬੰਦਾ ਸੁਣਾਏ ਹੀਰ**, **ਤੁਰੇ-ਤੁਰੇ ਜਾਂਦਿਆਂ ਤਾਂ ਹੇਕ ਨਹੀਂ ਨਿਕਲ਼ਦੀ ਚੰਗੀ ਤਰ੍ਹਾਂ।"**

**ਪ੍ਰਸੰਗ -** ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਬੰਤੇ ਨੇ ਦਿਆਲੇ ਨੂੰ ਉਸ ਸਮੇਂ ਕਹੇ, ਜਦੋਂ ਦਿਆਲਾ ਬੰਤੇ ਨੂੰ ਰਿਕਸ਼ੇ ਵਿੱਚ ਬੈਠਾ ਕੇ ਉਸ ਦੇ ਘਰ ਛੱਡਣ ਲਈ ਜਾਂਦਾ ਹੋਇਆ ਗੁਣ-ਗਣਾਉਂਦਾ ਹੈ।

**ਵਿਆਖਿਆ -** ਬੰਤਾ ਕਹਿੰਦਾ ਹੈ ਕਿ 'ਹੀਰ' ਕਿਸੇ ਇੱਕ ਥਾਂ ਬੈਠ ਕੇ ਹੀ ਸੁਣਾਈ ਜਾਂਦੀ ਹੈ। ਤੁਰੇ ਜਾਂਦਿਆਂ ਬੰਦੇ ਦੇ ਗਲ ਵਿੱਚੋਂ ਸਹੀ ਹੇਕ ਨਹੀਂ ਨਿਕਲ਼ਦੀ। ਇਸ ਕਰਕੇ ਰਿਕਸ਼ਾ ਚਲਾਉਂਦਾ ਉਹ ਨਹੀਂ ਗਾ ਸਕਦਾ।

9. "**ਇਹਨਾਂ ਨੂੰ ਵੀ ਸੈਲ ਕਰਾ ਦੇ**, **ਇਹ ਕੋਈ ਮਤਰੇਈਆਂ ਤਾਂ ਨਹੀਂ।"**

**ਪ੍ਰਸੰਗ** - ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਦੁਪਹਿਰ ਭਾਗ ਵਿੱਚ ਤਾਰੋ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਉਹ ਦੁਪਹਿਰ ਪਿੱਛੋਂ ਘਰੋਂ ਰਿਕਸ਼ਾ ਲੈ ਕੇ ਜਾਣ ਸਮੇਂ ਫੁੰਮਣ ਨੂੰ ਰਿਕਸ਼ੇ ਵਿੱਚ ਬੈਠਾ ਕੇ ਉਸ ਨੂੰ ਸੈਰ ਕਰਾਉਣ ਬਾਰੇ ਕਹਿੰਦਾ ਹੈ।

**ਵਿਆਖਿਆ** - ਤਾਰੋ ਨੇ ਬੰਤੇ ਨੂੰ ਕਿਹਾ ਕਿ ਉਹ ਇਕੱਲੇ ਫੁੰਮਣ ਨੂੰ ਹੀ ਕਿਉਂ ਸੈਰ ਕਰਵਾਉਣ ਲਈ ਲਿਜਾ ਰਿਹਾ ਹੈ, ਉਹ ਕੁੜੀਆਂ ਨੂੰ ਵੀ ਨਾਲ਼ ਲੈ ਜਾਵੇ, ਕਿਉਂਕਿ ਉਹ ਵੀ ਉਸਦੀਆਂ ਆਪਣੀਆਂ ਹੀ ਧੀਆਂ ਹਨ।